Vigilance Bureau, Punjab
Vigilance Bhawan, Sector-68, SAS Nagar
Phone: 0172-2217100-200 (Control Room& Fax)

ਵਿਜੀਲੈਂਸ ਬਿਊਰੋ, ਪੰਜਾਬ।
ਵਿਜੀਲੈਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)

## ਹੁਕਮ

ਇਹ ਵੇਖਣ ਵਿੱਚ ਆਇਆ ਹੈ ਕਿ ਮੁੱਖ ਦਫਤਰ ਵਿਜੀਲੈਂਸ ਬਿਊਰੋ ਵੱਲੋਂ ਵਿਜੀਲੈਂਸ ਬਿਊਰੋ ਦੀਆ ਰੇਂਜਾ ਨੂੰ ਜੋ ਮੁਕੱਦਮਾਂ ਦਰਜ ਕਰਨ ਲਈ ਖਰੜ੍ਹਾ ਐਫ.ਆਈ.ਆਰ. ਅਤੇ ਹੋਰ ਅਹਿਮ ਡਾਕ ਭੇਜੀ ਜਾਂਦੀ ਹੈ। ਉਹ ਅਕਸਰ ਖੁਲੀ ਡਾਕ ਵਿੱਚ ਆਮ ਪੱਤਰਾ ਵਾਂਗ ਹੀ ਭੇਜ ਦਿੱਤੀ ਜਾਂਦੀ ਹੈ, ਇਸੇ ਪ੍ਰਕਾਰ ਰੇਜਾਂ ਵੱਲੋ ਡਾਕ ਮੁੱਖ ਦਫਤਰ ਨੂੰ ਭੇਜਣ ਦੌਰਾਨ ਕੀਤਾ ਜਾਂਦਾ ਹੈ, ਜਦੋ ਕਿ ਇਸ ਦਫਤਰ ਵੱਲੋਂ ਵਿਜੀਲੈਂਸ ਬਿਊਰੋ ਦੀ ਸਾਰੀ ਡਾਕ ਸੀਲ ਬੰਦ ਲਿਫਾਫੇ ਵਿੱਚ ਭੇਜਣ ਦੇ ਹੁਕਮ ਪੱਤਰ ਨੰਬਰ 35275-98/ਵ.ਬ/ਐਸ-3 ਮਿਤੀ 18-08-15 ਅਤੇ ਇਸ ਦਫਤਰ ਦੇ ਪੱਤਰ ਨੰਬਰ 15278-301/ਵਬ/ਐਸ-3 ਮਿਤੀ 01.05.2018 ਰਾਹੀਂ ਹਦਾਇਤਾਂ ਜਾਰੀ ਕੀਤੀਆ ਹਨ। ਮੁੱਖ ਦਫਤਰ ਵਿਜੀਲੈਂਸ ਬਿਊਰੋ ਅਤੇ ਵਿਜੀਲੈਂਸ ਬਿਊਰੋ ਦੇ ਰੇਜ/ਯੂਨਿਟ ਦਫਤਰਾਂ ਵਲੋਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਅਤੇ ਭੇਜੀ ਜਾ ਰਹੀ ਡਾਕ ਬੰਦ ਲਿਫਾਫੇ ਵਿੱਚ ਭੇਜਣ ਦੀ ਬਜਾਏ ਖੁੱਲੀ ਭੇਜੀ ਜਾ ਰਹੀ ਹੈ। ਇਸ ਤਰ੍ਹਾਂ ਕਰਨ ਨਾਲ ਇਸ ਬਿਊਰੋ ਦੇ ਅਹਿਮ ਕੰਮ-ਕਾਜ ਦੀ ਗੋਪਨੀਯਤਾ ਨਹੀਂ ਰਹਿੰਦੀ।

2. ਇਸ ਲਈ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਵਿਜੀਲੈਂਸ ਬਿਊਰੋ ਮੁੱਖ ਦਫਤਰ ਅਤੇ ਰੇਜ/ਯੂਨਿਟ ਵਿਜੀਲੈਂਸ ਬਿਊਰੋ ਦਫਤਰਾਂ ਵਲੋਂ ਡਾਕ ਸੀਲ-ਬੰਦ ਲਿਫਾਫੇ ਵਿੱਚ ਭੇਜੀ ਜਾਇਆ ਕਰੇ ਅਤੇ ਡਾਕ ਭੇਜਣ ਦੇ ਸਬੰਧ ਵਿੱਚ ਨਿਮਨ ਲਿਖਤ ਗੱਲਾਂ ਵੱਲ ਖਾਸ ਅਹਿਮੀਅਤ ਦਿੱਤੀ ਜਾਵੇ ਤਾਂ ਕਿ ਗੋਪਨੀਯਤਾ ਬਰਕਰਾਰ ਰਹੇ:-

i. ਖਰੜਾ ਐਫ.ਆਈ.ਆਰ ਭੇਜਣ ਸਮੇਂ, ਪੜਤਾਲ ਹਿੱਤ ਭੇਜੀਆਂ ਸਿਕਾਇਤਾਂ ਅਤੇ ਇਨ੍ਹਾਂ ਦੀਆਂ ਸਾਰੀਆਂ ਰਿਪੋਰਟਾਂ, ਸੋਰਸ ਰਿਪੋਰਟਾਂ, ਚੈਕਿੰਗਾਂ, ਵਿਜੀਲੈਂਸ ਇੰਨਕੁਆਰੀਆਂ ਅਤੇ ਮੁਕੱਦਮਿਆਂ ਦੀਆਂ ਰਿਪੋਰਟਾਂ ਸਬੰਧੀ ਸਮੁੱਚਾ ਪੱਤਰ/ ਸਾਰੀਆਂ ਚਿੱਠੀਆਂ ਸੀਲ-ਬੰਦ ਲਿਫਾਫੇ ਵਿੱਚ ਸਬੰਧਤ ਰੇਜ ਦੇ ਐਸ.ਐਸ.ਪੀ ਦੇ ਨਾਮ ਤੇ ਭੇਜੇ ਜਾਣ।

ii. ਸੀਲ ਬੰਦ ਲਿਫਾਫੇ ਭੇਜਣ ਵਾਲੇ ਕਰਮਚਾਰੀ-ਡਿਸਪੈਚਰ ਵਲੋਂ ਲਿਫਾਫੇ ਉਪਰ ਆਪਣੇ ਹਸਤਾਖਰ ਅਤੇ ਜਿੰਮੇਵਾਰ ਅਧਿਕਾਰੀ ਦੇ ਹਸਤਾਖਰਾਂ ਉਪਰੰਤ ਹੀ ਭੇਜੀ ਜਾਣ ਵਾਲੀ ਡਾਕ, ਡਾਕ-ਰਨਰ ਦੇ ਹਵਾਲੇ ਕੀਤੀ ਜਾਵੇ ਅਤੇ ਡਾਕ-ਰਨਰ ਦਾ ਪੂਰਾ ਨਾਮ, ਨੰਬਰ, ਭੇਜਣ ਦੀ ਮਿਤੀ ਵਗੈਰਾ ਦਾ ਪੂਰਾ ਰਿਕਾਰਡ ਰੱਖਿਆ ਜਾਵੇ।

iii. ਡਾਕ ਡਿਊਟੀ ਲਈ ਪੱਕੇ ਤੌਰ ਤੇ ਇੱਕੋ ਹੀ ਕਰਮਚਾਰੀ ਦੀ ਡਿਊਟੀ ਲਾਉਣ ਦੀ ਬਜਾਏ ਡਾਕ-ਰਨਰ ਕਰਮਚਾਰੀਆਂ ਦੀ ਡਿਊਟੀ ਬਦਲ-ਬਦਲ ਕੇ ਲਗਾਈ ਜਾਵੇ।

iv. ਉਹ ਲਿਫਾਫਾ, ਜਿਸ ਰਾਹੀਂ ਡਾਕ ਰਸੀਵ ਕੀਤੀ ਜਾਵੇ, ਨੂੰ ਸਬੰਧਤ ਦਫਤਰ ਦੇ ਡਾਕ ਰਸੀਵ ਕਰਨ ਵਾਲੇ ਕਰਮਚਾਰੀ ਵਲੋਂ ਦਫਤਰ ਦੇ ਰਿਕਾਰਡ ਵਿੱਚ ਬਤੌਰ ਰਿਕਾਰਡ ਸੰਭਾਲ ਕੇ ਰੱਖਿਆ ਜਾਵੇ।

ਇਹਨਾਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ।

ਸੰਯੁਕਤ ਡਾਇਰੈਕਟਰ/ਐਡਮਨ
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ,ਪੰਜਾਬ।

ਨੰਬਰ: 24771-93 /ਵਬ/ਐਸ-3 ਮਿਤੀ : 22-7-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
2. ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਂਸ ਬਿਊਰੋ, ਪੰਜਾਬ।
3. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
4. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ ਵਿਜੀਲੈਂਸ ਬਿਊਰੋ,ਪੰਜਾਬ।
5. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
6. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
7. ਸੰਯੂਕਤ ਡਾਇਰੈਕਟਰ ਕਰਾਈਮ, ਵਿਜੀਲੈਂਸ ਬਿਊਰੋ, ਪੰਜਾਬ।
8. ਸੰਯੂਕਤ ਡਾਇਰੈਕਟਰ ਆਈ.ਵੀ.ਸੀ ਅਤੇ ਐਸ.ਯੂ, ਵਿਜੀਲੈਂਸ ਬਿਊਰੋ, ਪੰਜਾਬ।
9. ਸੰਯੂਕਤ ਡਾਇਰੈਕਟਰ ਪ੍ਰਾਸੀਕਿਊਸ਼ਨ, ਵਿਜੀਲੈਂਸ ਬਿਊਰੋ, ਪੰਜਾਬ।
10. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ,ਰੇਂਜ ਅੰਮ੍ਰਿਤਸਰ,ਰੇਂਜ ਜਲੰਧਰ, ਰੇਂਜ ਲੁਧਿਆਣਾ,ਰੇਂਜ ਫਿਰੋਜਪੁਰ,ਰੇਂਜ ਬਠਿੰਡਾ,ਰੇਂਜ ਐਸ.ਏ.ਐਸ ਨਗਰ ਅਤੇ ਅ:ਅ:ਸਾਖਾ, ਲੁਧਿਆਣਾ।
11. ਐਸ.ਓ-ਟੂ-ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
12. ਸੁਪਰਡੈਂਟ ਐਡਮਨ, ਵਿਜੀਲੈਂਸ ਬਿਊਰੋ, ਪੰਜਾਬ।
13. ਸੁਪਰਡੈਂਟ ਕਰਾਈਮ-1, ਵਿਜੀਲੈਂਸ ਬਿਊਰੋ, ਪੰਜਾਬ।
14. ਸੁਪਰਡੈਂਟ ਕਰਾਈਮ-2, ਵਿਜੀਲੈਂਸ ਬਿਊਰੋ, ਪੰਜਾਬ।
15. ਡਾਇਰੀ ਕਲਰਕ, ਵਿਜੀਲੈਂਸ ਬਿਊਰੋ, ਪੰਜਾਬ।
16. ਡਿਸਪੈਚਰ, ਵਿਜੀਲੈਂਸ ਬਿਊਰੋ, ਪੰਜਾਬ।